# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/58912-58945
ਮਿਤੀ,ਚੰਡੀਗੜ੍ਹ 16-09-2010

**ਵਿਸ਼ਾ :- ਪੰਜਾਬੀ ਅਤੇ ਹਿੰਦੀ ਵਿਸ਼ਿਆਂ ਦੇ ਪ੍ਰਸ਼ਨ ਪੱਤਰਾਂ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਤੰਬਰ 2010 ਦੀ ਟਰਮੀਨਲ ਪ੍ਰੀਖਿਆ ਚੱਲ ਰਹੀ ਹੈ। ਇਸ ਸਬੰਧੀ ਫੀਲਡ ਵਿੱਚੋਂ ਆਈ ਮੰਗ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ ਹੈੱਡ ਆਫ਼ਿਸ ਤੋ ਪਹਿਲਾਂ ਦਿੱਤੇ ਜਾ ਰਹੇ ਚਾਰ ਵਿਸ਼ਿਆਂ (ਗਣਿਤ, ਸਾਇੰਸ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ) ਦੇ ਪੇਪਰ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਸ਼ਿਆਂ ਦੇ ਜਮਾਤ ਛੇਵੀਂ ਤੋਂ ਲੈ ਕੇ ਨੌਵੀਂ ਜਮਾਤ ਤੱਕ ਦੇ ਪ੍ਰਸ਼ਨ ਪੱਤਰ ਵੀ, ਪੇਪਰ ਵਾਲੇ ਦਿਨ ਐਸ.ਐਸ.ਏ.ਦੀ ਵੈੱਬ-ਸਾਈਟ ਤੇ ਪਾਏ ਜਾਂਦੇ ਸਨ। ਜਿਸ ਦਾ ਮੰਤਵ ਸਾਰੇ ਵਿਦਿਆਰਥੀਆਂ ਨੂੰ ਇੱਕ ਪੈਟਰਨ ਤੇ ਪ੍ਰਸ਼ਨ ਪੱਤਰ ਮੁਹੱਈਆ ਕਰਵਾਉਣਾ ਸੀ ਪਰ ਵੇਖਣ ਵਿੱਚ ਆਇਆ ਹੈ ਕਿ ਜਿਸ ਮੰਤਵ ਲਈ ਇਹ ਪ੍ਰਸ਼ਨ ਪੱਤਰ ਪਾਏ ਗਏ ਸਨ। ਇਸ ਦੇ ਉਲਟ ਕੁੱਝ ਸ਼ਰਾਰਤੀ ਅੰਸਰਾਂ ਦੁਆਰਾ ਇਹ ਪੇਪਰ ਵੈੱਬ-ਸਾਈਟ ਤੋਂ ਡਾਊਨ ਲੋਡ ਕਰਕੇ ਬਜ਼ਾਰ ਵਿੱਚ ਵੇਚੇ ਜਾ ਰਹੇ ਹਨ। ਜੋ ਕਿ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਮੰਤਵ ਨੂੰ ਇੱਕ ਵੱਡਾ ਧੱਕਾ ਹੈ। ਇਸ ਗੱਲ ਨੂੰ ਤੁਰੰਤ ਰੋਕਣ ਲਈ ਇਹ ਫੈਸਲਾ ਲਿਆ ਗਿਆ ਹੈ ਕਿ ਹੁਣ ਸਿਰਫ਼ ਪਹਿਲਾਂ ਵਾਂਗ ਚਾਰ ਵਿਸ਼ਿਆਂ ਅੰਗਰੇਜ਼ੀ, ਵਿਗਿਆਨ, ਗਣਿਤ ਅਤੇ ਸਮਾਜਿਕ ਸਿੱਖਿਆ ਦੇ ਪੇਪਰ ਹੀ ਦਿੱਤੇ ਜਾਣਗੇ ਅਤੇ ਪੇਪਰ ਵਾਲੇ ਦਿਨ ਪੰਜਾਬੀ ਅਤੇ ਹਿੰਦੀ ਦੇ ਪ੍ਰਸ਼ਨ ਪੱਤਰ ਵੈੱਬ-ਸਾਈਟ ਤੇ ਨਹੀਂ ਪਾਏ ਜਾਣਗੇ।

3.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁਖੀਆਂ ਨੂੰ ਤੁਰੰਤ ਹਦਾਇਤ ਕੀਤੀ ਜਾਵੇ ਕਿ ਛੇਵੀਂ ਤੋਂ ਲੈ ਕੇ ਨੌਵੀਂ ਜਮਾਤ ਤੱਕ ਦੇ ਪੰਜਾਬੀ ਅਤੇ ਹਿੰਦੀ ਵਿਸ਼ਿਆਂ ਦੇ ਪ੍ਰਸ਼ਨ ਪੱਤਰ ਤੁਰੰਤ ਵਿਸ਼ਾ ਅਧਿਆਪਕਾਂ ਤੋਂ ਹੀ ਸਕੂਲ ਪੱਧਰ ਤੇ ਬਣਵਾ ਕੇ ਪੇਪਰ ਵਾਲੇ ਦਿਨ ਦਿੱਤੇ ਜਾਣ ਤਾਂ ਜੋ ਪ੍ਰੀਖਿਆ ਵਿੱਚ ਵਿਘਨ ਨਾ ਪਵੇ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**